"ਸਤਿਯਤਾ ਦਾ ਫਾਉਂਡੇਸ਼ਨ ਹੈ ਪਵਿਤ੍ਰਤਾ ਅਤੇ ਨਿਸ਼ਾਨੀ ਹੈ - ਚਲਣ ਅਤੇ ਚੇਹਰੇ ਵਿਚ ਦਿਵਿਯਤਾ"

ਅੱਜ ਸਤ - ਬਾਪ, ਸਤ - ਟੀਚਰ, ਸਤਿਗੁਰੂ ਆਪਣੇ ਚਾਰੋਂ ਪਾਸੇ ਦੇ ਸਤਿਯਤਾ ਦੇ ਸ਼ਕਤੀ ਸਵਰੂਪ ਬੱਚਿਆਂ ਨੂੰ ਵੇਖ ਰਹੇ ਹਨ। ਸਤਿਯਤਾ ਦਾ ਫਾਉਂਡੇਸ਼ਨ ਪਵਿਤ੍ਰਤਾ ਹੈ। ਅਤੇ ਸਤਿਯਤਾ ਦਾ ਪ੍ਰੈਕਟਿਕਲ ਪ੍ਰਮਾਣ ਚੇਹਰੇ ਤੇ ਅਤੇ ਚਲਣ ਵਿੱਚ ਦਿਵਿਯਤਾ ਹੋਵੇਗੀ। ਦੁਨੀਆਂ ਵਿੱਚ ਵੀ ਅਨੇਕ ਆਤਮਾਵਾਂ ਆਪਣੇ ਨੂੰ ਸੱਤਿਆਵਾਦੀ ਕਹਿੰਦੇ ਹਨ ਜਾਂ ਸਮਝਦੇ ਹਨ ਲਕਿਨ ਸੰਪੂਰਨ ਸਤਿਯਤਾ ਪਵਿਤ੍ਰਤਾ ਦੇ ਆਧਾਰ ਤੇ ਹੁੰਦੀ ਹੈ। ਪਵਿਤ੍ਰਤਾ ਨਹੀਂ ਤਾਂ ਸਦਾ ਸਤਿਯਤਾ ਰਹਿ ਨਹੀਂ ਸਕਦੀ ਹੈ। ਤਾਂ ਤੁਹਾਡਾ ਸਭ ਦਾ ਫਾਉਂਡੇਸ਼ਨ ਕੀ ਹੈ? ਪਵਿਤ੍ਰਤਾ। ਤਾਂ ਪਵਿਤ੍ਰਤਾ ਦੇ ਆਧਾਰ ਤੇ

ਸਤਿਯਤਾ ਦਾ ਸਵਰੂਪ ਖੁਦ ਅਤੇ ਸਹਿਜ ਸਦਾ ਹੁੰਦਾ ਹੈ। ਸਤਿਯਤਾ ਸਿਰਫ ਸੱਚ ਬੋਲਣਾ, ਸੱਚ ਕਰਨਾ ਇਸ ਨੂੰ ਨਹੀਂ ਕਿਹਾ ਜਾਂਦਾ ਲੇਕਿਨ ਸਭ ਤੋਂ ਪਹਿਲਾ ਸੱਚ ਜਿਸ ਨਾਲ ਤੁਹਾਨੂੰ ਪਵਿਤ੍ਰਤਾ ਦੀ ਅਤੇ ਸਤਿਯਤਾ ਦੀ ਸ਼ਕਤੀ ਆਈ, ਤਾਂ ਪਹਿਲੀ ਗੱਲ ਹੈ ਆਪਣੇ ਸਤ ਸਵਰੂਪ ਨੂੰ ਜਾਣਿਆ, ਮੈਂ ਆਤਮਾ ਹਾਂ - ਇਹ ਸਤ ਸਵਰੂਪ ਪਹਿਲੇ ਨਹੀਂ ਜਾਣਦੇ ਸੀ। ਲੇਕਿਨ ਪਹਿਲਾ ਸੱਚ ਆਪਣੇ ਸਵਰੂਪ ਨੂੰ ਜਾਣਿਆ। ਮੈਂ ਫਲਾਣੀ ਹਾਂ

ਜਾਂਫਲਾਣਾ ਹਾਂ, ਬਾਡੀ ਦੇ ਹਿਸਾਬ ਨਾਲ ਉਹ ਸੱਚਾ ਸਵਰੂਪ ਸੀ? ਸਤ ਸਵਰੂਪ ਹੈ ਪਹਿਲੇ ਖੁਦ ਦਾ ਸਵਰੂਪ ਅਤੇ ਫਿਰ ਬਾਪ ਦੇ ਸਤ ਪਰਿਚੈ ਨੂੰ ਜਾਣਿਆ। ਚੰਗੀ ਤਰ੍ਹਾਂ ਨਾਲ ਆਪਣਾ ਸਤ ਸਵਰੂਪ ਅਤੇ ਬਾਪ ਦਾ ਸਤ ਪਰਿਚੈ ਜਾਣ ਲਿਆ ਹੈ? ਤੀਜੀ ਗੱਲ - ਇਸ ਸ੍ਰਿਸ਼ਟੀ ਚਕ੍ਰ ਨੂੰ ਵੀ ਸਤ ਸਵਰੂਪ ਨਾਲ ਜਾਣਿਆ। ਇਹ ਚਕ੍ਰ ਕੀ ਹੈ ਅਤੇ ਇਸ ਵਿੱਚ ਮੇਰਾ ਪਾਰਟ ਕੀ ਹੈ! ਤਾਂ ਆਪਣਾ ਪਾਰਟ ਚੰਗੀ ਤਰ੍ਹਾਂ ਨਾਲ ਸਪੱਸ਼ਟ ਰੂਪ ਤੋਂ ਜਾਣ ਲਿਆ? ਤੁਹਾਡਾ ਪਾਰਟ ਵਧੀਆ ਹੈ ਨਾ? ਸਭ ਤੋਂ ਚੰਗਾ ਪਾਰਟ ਸੰਗਮ ਯੁੱਗ ਦਾ ਕਹਾਂਗੇ। ਲੇਕਿਨ ਤੁਹਾਡਾ ਦੇਵ ਆਤਮਾ ਦਾ ਪਾਰਟ ਵੀ ਵਿਸ਼ਵ ਵਿੱਚ ਸਾਰੇ ਚਕ੍ਰ ਦੀਆਂ ਆਤਮਾਵਾਂ ਤੋਂ ਸ੍ਰੇਸ਼ਠ ਹੈ। ਭਾਵੇਂ ਧਰਮ ਆਤਮਾਵਾਂ, ਭਾਵੇਂ ਮਹਾਨ ਆਤਮਾਵਾਂ ਵੀ ਪਾਰਟ ਵਜਾਉਂਦੀਆਂ ਹਨ ਲੇਕਿਨ ਉਹ ਆਤਮਾ ਅਤੇ ਸ਼ਰੀਰ ਦੋਵਾਂ ਤੋਂ ਪਵਿਤ੍ਰ ਨਹੀਂ ਹਨ ਅਤੇ ਤੁਸੀਂ ਦੇਵ ਆਤਮਾਵਾਂ ਸ਼ਰੀਰ ਅਤੇ ਆਤਮਾ ਦੋਵਾਂ ਤੋਂ ਪਵਿਤ੍ਰ ਹੋ, ਜੋ ਸਾਰੇ ਕਲਪ ਵਿੱਚ ਹੋਰ ਕੋਈ ਆਤਮਾ ਅਜਿਹੀ ਨਹੀਂ। ਤਾਂ ਪਵਿਤ੍ਰਤਾ ਦਾ ਫਾਉਂਡੇਸ਼ਨ ਸਿਵਾਏ ਤੁਹਾਡੇ ਹੋਰ ਕਿਸੇ ਵੀ ਆਤਮਾ ਦਾ ਸ੍ਰੇਸ਼ਠ ਨਹੀਂ ਹੈ। ਤੁਹਾਨੂੰ ਦੇਵ ਆਤਮਾ ਦਾ ਪਾਰਟ ਯਾਦ ਹੈ? ਪਾਂਡਵਾਂ ਨੂੰ ਯਾਦ ਹੈ? ਦੇਵ ਆਤਮਾ ਦੀ ਪਵਿਤ੍ਰਤਾ ਨੈਚੁਰਲ ਰੂਪ ਵਿਚ ਰਹੀ ਹੈ। ਮਹਾਨ ਆਤਮਾਵਾਂ, ਆਤਮਾਵਾਂ ਨੂੰ ਪਵਿਤ੍ਰ ਬਣਾਉਂਦੀਆਂ ਹਨ ਲੇਕਿਨ ਬਹੁਤ ਪੁਰਸ਼ਾਰਥ ਨਾਲ, ਨੈਚੁਰਲ ਨਹੀਂ। ਨਾ ਨੈਚੁਰਲ ਹਨ ਅਤੇ ਨਾ ਨੇਚਰ ਰੂਪ ਵਿਚ ਹਨ। ਅਤੇ ਤੁਹਾਡੀ ਅਧਾਕਲਪ ਪਵਿਤ੍ਰਤਾ ਦੀ ਜੀਵਨ ਨੈਚੁਰਲ ਵੀ ਹੈ ਅਤੇ ਨੇਚਰ ਵੀ ਹੈ। ਕੋਈ ਪੁਰਸ਼ਾਰਥ ਉੱਥੇ ਨਹੀਂ ਹੈ। ਇੱਥੇ ਦਾ ਪੁਰਸ਼ਾਰਥ ਉੱਥੇ ਨੈਚੁਰਲ ਹੋ ਜਾਂਦਾ ਹੈ ਕਿਉਂਕਿ ਉਥੇ ਅਪਵਿਤ੍ਰਤਾ ਦਾ ਨਾਮ - ਨਿਸ਼ਾਨ ਨਹੀਂ, ਪਤਾ ਹੀ ਨਹੀਂ ਕਿ ਅਪਵਿਤ੍ਰਤਾ ਵੀ ਹੁੰਦੀ ਹੈ ਇਸਲਈ ਤੁਹਾਡੇ ਪਵਿਤ੍ਰਤਾ ਦਾ ਪ੍ਰੈਕਟਿਕਲ ਸਵਰੂਪ ਦੇਵਤਾ ਮਤਲਬ ਦਿਵਿਯਤਾ ਦਾ ਹੈ। ਇਸ ਵੇਲੇ ਦੁਨੀਆ ਵਾਲੇ ਕਿਨਾਂ ਵੀ ਆਪਣੇ ਨੂੰ ਸਤਿਆਵਾਨ ਸਮਝਣ ਪਰ ਖੁਦ ਦੇ ਸਵਰੂਪ ਦੀ ਸਤਿਯਤਾ ਹੀ ਨਹੀਂ ਜਾਣਦੇ। ਬਾਪ ਦੇ ਸੱਚੇ ਪਰਿਚੈ ਨੂੰ ਹੀ ਨਹੀਂ ਜਾਣਦੇ। ਤਾਂ ਸੰਪੂਰਨ ਸਤ ਸਵਰੂਪ ਨਹੀਂ ਕਹਾਂਗੇ। ਤੁਹਾਡੇ ਵਿੱਚ ਵੀ ਸਤਿਯਤਾ ਦੀ ਸ਼ਕਤੀ ਸਦਾ ਤਾਂ ਰਹੇਗੀ ਜਦੋਂ ਆਪਣੇ ਅਤੇ ਬਾਪ ਦੇ ਸਤ ਸਵਰੂਪ ਦੀ ਸਮ੍ਰਿਤੀ ਰਹੇਗੀ, ਤਾਂ ਖੁਦ ਹੀ ਹਰ ਸੰਕਲਪ ਤੁਹਾਡਾ ਸਤ ਹੋਵੇਗਾ। ਹੁਣ ਕਦੇ ਭੁੱਲ ਵੀ ਜਾਂਦੇ ਹੋ, ਬਾਡੀ ਕੰਸ਼ਿਅਸ ਵਿੱਚ ਆ ਜਾਂਦੇ ਹੋ ਤਾਂ ਸੰਕਲਪ ਸਦਾ ਸਤਿਯਤਾ ਦੇ ਸ਼ਕਤੀਸ਼ਾਲੀ ਹੋਣ, ਪਵਿਤ੍ਰਤਾ ਦੇ ਸ਼ਕਤੀਸ਼ਾਲੀ ਹੋਣ, ਉਹ ਸਦਾ ਨਹੀਂ ਰਹਿੰਦਾ। ਸਦਾ ਰਹਿੰਦਾ ਹੈ ਕਿ ਵਿਅਰਥ ਵੀ ਹੁੰਦਾ ਹੈ? ਤਾਂ ਵਿਅਰਥ ਸਤ ਕਹਾਂਗੇ? ਝੂਠ ਤਾਂ ਬੋਲਿਆ ਹੀ ਨਹੀਂ ਤਾਂ ਕਿਉਂ ਨਹੀਂ ਸਤ ਹੈ? ਜੇਕਰ ਕੋਈ ਇਹ ਸਮਝਕੇ ਬੈਠੇ ਕਿ ਮੈਂ ਕਦੇ ਵੀ ਝੂਠ ਨਹੀਂ ਬੋਲਦੀ, ਸਦਾ ਸੱਚ ਬੋਲਦੀ ਸਤਿਯਤਾ ਦੀ ਪਰਖ ਹੈ ਕਿ ਸੰਕਲਪ, ਬੋਲ, ਕਰਮ, ਸੰਬੰਧ - ਸੰਪਰਕ ਸਭ ਵਿਚ ਦਿਵਿਯਤਾ ਅਨੁਭਵ ਹੋਵੇ। ਬੋਲ ਸੱਚ ਰਹੇ ਹੋ ਲੇਕਿਨ ਦਿਵਿਯਤਾ ਨਹੀਂ ਹੈ, ਵੇਖਦੇ ਹੋ ਨਾ - ਕਈ ਬਾਰ - ਬਾਰ ਕਹਿਣਗੇ ਮੈਂ ਸੱਚ ਬੋਲਦੀ, ਮੈਂ ਸੱਚ ਬੋਲਦੀ। ਮੈਂ ਸਦਾ ਸੱਚੀ ਹਾਂ ਲੇਕਿਨ ਬੋਲ ਵਿੱਚ, ਕਰਮ ਵਿੱਚ ਜੇਕਰ ਦਿਵਿਯਤਾ ਨਹੀਂ ਹੈ ਤਾਂ ਦੂਜੇ ਨੂੰ ਤੁਹਾਡਾ ਸੱਚ, ਸੱਚ ਨਹੀਂ ਲੱਗੇਗਾ। ਇਹ ਹੀ ਸਮਝਣਗੇ ਕਿ ਇਹ ਆਪਣੇ ਨੂੰ ਸਿੱਧ ਕਰ ਰਹੀ ਹੈ ਲੇਕਿਨ ਇਹ ਸਮਝ ਵਿਚ ਨਹੀਂ ਆਉਂਦਾ ਕਿ ਇਹ ਸੱਚ ਹੈ। ਸੱਚ ਨੂੰ ਸਿੱਧ ਕਰਨ ਦੇ ਲਈ, ਸਿੱਧ ਕਰਨ ਦੀ ਲੋੜ ਨਹੀਂ ਹੈ। ਜੇਕਰ ਆਪਣੇ ਸੱਚ ਨੂੰ ਜਿੱਦ ਨਾਲ ਸਿੱਧ ਕਰਦੇ ਹੋ ਤਾਂ ਉਹ ਦਿਵਿਯਤਾ ਵਿਖਾਈ ਨਹੀਂ ਦਿੰਦੀ ਹੈ। ਇਹ ਸਧਾਰਨਤਾ ਹੈ, ਜੋ ਦੁਨੀਆ ਵਿਚ ਵੀ ਕਰਦੇ ਹਨ। ਅਤੇ ਬਾਪਦਾਦਾ ਸਤ ਦੀ ਨਿਸ਼ਾਨੀ ਇੱਕ ਸਲੋਗਨ ਵਿੱਚ ਕਹਿੰਦੇ ਹਨ, ਸਾਕਾਰ ਦਵਾਰਾ ਵੀ ਸੁਣਿਆ ਜੋ ਸੱਚਾ ਹੋਵੇਗਾ ਉਹ ਕਿਵੇਂ ਵਿਖਾਈ ਦੇਵੇਗਾ! ਸੱਚ ਤੇ ਨਚ। ਸਦਾ ਖੁਸ਼ੀ ਵਿੱਚ ਨਚਦਾ ਰਹੇਗਾ। ਜਦ ਜਿੱਦ ਕਰਕੇ ਸਿੱਧ ਕਰਦੇ ਤਾਂ ਤੁਸੀਂ ਆਪਣਾ ਜਾਂ ਦੂਜੇ ਦਾ ਚਿਹਰਾ ਨੋਟ ਕਰੋਗੇ ਤਾਂ ਉਹ ਖੁਸ਼ੀ ਦਾ ਨਹੀਂ ਹੋਵੇਗਾ। ਥੋੜ੍ਹਾ ਸੋਚਣ ਵਾਲਾ ਅਤੇ ਥੋੜ੍ਹਾ ਉਦਾਸੀ ਦਾ ਹੋਵੇਗਾ। ਨਚਨ ਦਾ ਨਹੀਂ ਹੋਵੇਗਾ। ਸਚ ਤੇ ਬਿਠੋ ਨਚ, ਸੱਚਾ ਖੁਸ਼ੀ ਵਿੱਚ ਨਚਦਾ ਹੈ। ਤਾਂ ਖੁਸ਼ੀ ਵਿੱਚ ਜੀਵਨ ਦੇ ਦਿਨ ਜਾਂ ਰਾਤ ਬਹੁਤ ਚੰਗੇ ਲਗਦੇ ਹਨ। ਅਤੇ ਥੋੜ੍ਹਾ ਵੀ ਸਤ ਵਿੱਚ ਅਸਤ ਮਿਕਸ ਹੈ ਤਾਂ ਉਸ ਵੇਲੇ ਦੀ ਜੀਵਨ

ਇਤਨੀ ਅੱਛੀ ਨਹੀਂ ਲੱਗੇਗੀ। ਤਾਂ ਸਤਿਯਤਾ ਦਾ ਅਰਥ ਹੀ ਹੈ ਸਤ ਸਵਰੂਪ ਵਿੱਚ ਸਥਿਤ ਹੋਕੇ ਭਾਵੇਂ ਸੰਕਲਪ, ਭਾਵੇਂ ਬੋਲ, ਭਾਵੇਂ ਕਰਮ ਕਰਨਾ।

ਅੱਜਕਲ ਦੁਨੀਆ ਵਾਲੇ ਤਾਂ ਸਪੱਸ਼ਟ ਕਹਿੰਦੇ ਹਨ ਕਿ ਅੱਜਕਲ ਸੱਚੇ ਲੋਕਾਂ ਦਾ ਚਲਣਾ ਹੀ ਮੁਸ਼ਕਿਲ ਹੈ, ਝੂਠ ਬੋਲਣਾ ਹੀ ਪਵੇਗਾ। ਲੇਕਿਨ ਕਈ ਸਮੇਂ ਤੇ, ਕਈ ਪ੍ਰਸਥਿਤੀਆਂ ਵਿੱਚ ਬ੍ਰਾਹਮਣ ਆਤਮਾਵਾਂ ਵੀ ਮੂੰਹ ਤੋਂ ਨਹੀਂ ਬੋਲਦੀ ਲੇਕਿਨ ਅੰਦਰ ਸਮਝਦੀ ਹੈ ਕਿ ਕਿਤੇ - ਕਿਤੇ ਚਤੁਰਾਈ ਨਾਲ ਚਲਣਾ ਹੀ ਪੈਂਦਾ ਹੈ। ਉਸ ਨੂੰ ਝੂਠ ਨਹੀਂ ਕਹਿੰਦੇ ਲੇਕਿਨ ਚਤੁਰਾਈ ਕਹਿੰਦੇ ਹਨ। ਤਾਂ ਚਤੁਰਾਈ ਕੀ ਹੈ? ਇਹ ਤਾਂ ਕਰਨਾ ਹੀ ਪੈਂਦਾ ਹੈ! ਤਾਂ ਉਹ ਸਪੱਸ਼ਟ ਬੋਲਦੇ ਹਨ ਅਤੇ ਬ੍ਰਾਹਮਣ ਰਾਇਲ ਭਾਸ਼ਾ ਵਿਚ ਬੋਲਦੇ ਹਨ। ਫਿਰ ਕਹਿੰਦੇ ਹਨ ਮੇਰਾ ਭਾਵ ਨਹੀਂ ਸੀ, ਨਾ ਭਾਵਨਾ ਸੀ, ਨਾ ਭਾਵ ਸੀ ਲੇਕਿਨ ਕਰਨਾ ਹੀ ਪੈਂਦਾ ਹੈ, ਚਲਣਾ ਹੀ ਪੈਂਦਾ ਹੈ। ਲੇਕਿਨ ਬ੍ਰਹਮਾ ਬਾਪ ਨੂੰ ਵੇਖਿਆ, ਸਾਕਾਰ ਹੈ ਨਾ, ਨਿਰਾਕਾਰ ਦੇ ਲਈ ਤਾਂ ਤੁਸੀਂ ਵੀ ਸੋਚਦੇ ਹੋ ਕਿ ਸ਼ਿਵ ਬਾਪ ਤੇ ਨਿਰਾਕਾਰ ਹੈ, ਉੱਪਰ ਮਜੇ ਵਿੱਚ ਬੈਠਾ ਹੈ, ਹੇਠਾਂ ਆਵੇ ਤਾਂ ਪਤਾ ਪਵੇ ਕੇ ਕੀ ਹੈ! ਲੇਕਿਨ ਬ੍ਰਹਮਾ ਬਾਪ ਤਾਂ ਸਾਕਾਰ ਸਵਰੂਪ ਵਿੱਚ ਤੁਹਾਡੇ ਸਭ ਦੇ ਨਾਲ ਹੀ ਰਹੇ, ਸਟੂਡੈਂਟ ਵੀ ਰਹੇ ਅਤੇ ਸਤਿਯਤਾ ਅਤੇ ਪਵਿਤ੍ਰਤਾ ਦੇ ਲਈ ਕਿੰਨੀ ਆਪੋਜਿਸ਼ਨ ਹੋਈ ਤਾਂ ਚਲਾਕੀ ਨਾਲ ਚੱਲਿਆ? ਲੋਕਾਂ ਨੇ ਕਿੰਨੀ ਰਾਏ ਦਿੱਤੀ ਤੁਸੀਂ ਸਿੱਧਾ ਇਵੇਂ ਨਹੀਂ ਕਹੋ ਕਿ ਪਵਿਤ੍ਰ ਰਹਿਣਾ ਹੀ ਹੈ, ਇਹ ਕਹੋ ਕਿ ਥੋੜ੍ਹਾ - ਥੋੜ੍ਹਾ ਰਹੋ। ਲੇਕਿਨ ਬ੍ਰਹਮਾ ਬਾਪ ਘਬਰਾਇਆ? ਸਤਿਯਤਾ ਦੀ ਸ਼ਕਤੀ ਧਾਰਨ ਕਰਨ ਵਿੱਚ ਸਹਿਣ ਸ਼ਕਤੀ ਦੀ ਵੀ ਲੋੜ ਹੈ। ਸਹਿਣ ਕਰਨਾ ਪੈਂਦਾ ਹੈ, ਝੁਕਣਾ ਪੈਂਦਾ ਹੈ, ਹਾਰ ਮੰਨਣੀ ਪੈਂਦੀ ਹੈ ਲੇਕਿਨ ਉਹ ਹਾਰ ਨਹੀਂ ਹੈ, ਉਸ ਵੇਲੇ ਦੇ ਲਈ ਹਾਰ ਲਗਦੀ ਹੈ ਲੇਕਿਨ ਹੈ ਸਦਾ ਦੀ ਵਿਜੇ।

ਸਤਿਯਤਾ ਦੀ ਸ਼ਕਤੀ ਨਾਲ ਅੱਜ ਡਾਇਮੰਡ ਜੁਬਲੀ ਮਨਾ ਰਹੇ ਹਨ। ਜੇਕਰ ਪਵਿਤ੍ਰਤਾ ਅਤੇ ਸਤਿਯਤਾ ਨਹੀਂ ਹੁੰਦੀ ਤਾਂ ਅੱਜ ਤੁਹਾਡੇ ਚਿਹਰੇ ਤੋਂ , ਚਲਨ ਤੋਂ ਆਉਣ ਵਾਲਿਆਂ ਨੂੰ ਜੋ ਦਿਵਿਯਤਾ ਅਨੁਭਵ ਹੁੰਦੀ ਹੈ ਉਹ ਨਹੀਂ ਹੁੰਦੀ। ਭਾਵੇਂ ਪਿਆਦਾ ਵੀ ਹੈ, ਨੰਬਰਵਾਰ ਤੇ ਹੈ ਹੀ ਨਾ। ਮਹਾਰਥੀ ਵੀ ਹੈ, ਨਾਮ ਦੇ ਮਹਾਰਥੀ ਨਹੀਂ, ਲੇਕਿਨ ਜੋ ਸੱਚੇ ਮਹਾਰਥੀ ਹਨ ਮਤਲਬ ਸਤਿਯਤਾ ਦੀ ਸ਼ਕਤੀ ਨਾਲ ਚੱਲਣ ਵਾਲੇ ਮਹਾਰਥੀ ਹਨ। ਜੋ ਪ੍ਰਸਥਿਤੀ ਨੂੰ ਵੇਖ ਕੇ ਸਤਿਯਤਾ ਤੋਂ ਜਰਾ ਵੀ ਕਿਨਾਰਾ ਕਰ ਲੈਂਦੇ, ਕਹਿੰਦੇ ਹਨ ਹੋਰ ਕੁਝ ਨਹੀਂ ਕੀਤਾ ਇੱਕ ਦੋ ਸ਼ਬਦ ਅਜਿਹੇ ਬੋਲ ਦਿੱਤੇ, ਦਿਲ ਤੋਂ ਨਹੀਂ ਬੋਲੇ ਇਵੇਂ ਬਾਹਰ ਤੋਂ ਥੋੜ੍ਹਾ ਬੋਲ ਦਿੱਤੇ ਤਾਂ ਇਹ ਸੰਪੂਰਨ ਸਤਿਯਤਾ ਨਹੀਂ ਹੈ। ਸਤਿਯਤਾ ਦੇ ਪਿੱਛੇ ਜੇਕਰ ਸਹਿਣ ਵੀ ਕਰਨਾ ਪੈਂਦਾ ਹੇ ਤਾਂ ਉਹ ਸਹਿਣ ਨਹੀਂ ਹੈ ਭਾਵੇਂ ਬਾਹਰ ਤੋਂ ਲਗਦਾ ਹੈ ਕਿ ਅਸੀਂ ਸਹਿਣ ਕਰ ਰਹੇ ਹਾਂ ਲੇਕਿਨ ਤੁਹਾਡੇ ਖਾਤੇ ਵਿਚ ਉਹ ਸਹਿਣ ਸ਼ਕਤੀ ਦੇ ਰੂਪ ਵਿਚ ਜਮਾ ਹੁੰਦਾ ਹੈ। ਨਹੀਂ ਤਾਂ ਕੀ ਹੁੰਦਾ ਕਿ ਜੇਕਰ ਕੋਈ ਥੋੜ੍ਹਾ ਜਿਹਾ ਵੀ ਸਹਿਣ ਕਰਨ ਵਿੱਚ ਕਮਜੋਰ ਹੋ ਜਾਂਦਾ ਹੈ ਤਾਂ ਉਸ ਨੂੰ ਅਸਤਿਆ ਦਾ ਸਹਾਰਾ ਜਰੂਰ ਲੈਣਾ ਪੈਂਦਾ ਹੈ। ਤਾਂ ਉਸ ਵੇਲੇ ਇਵੇਂ ਲਗਦਾ ਹੈ ਜਿਵੇਂ ਸਹਾਰਾ ਮਿਲ ਗਿਆ, ਠੀਕ ਹੋ ਗਿਆ ਲੇਕਿਨ ਉਸ ਦੇ ਖਾਤੇ ਵਿੱਚ ਸਹਿਣ ਸ਼ਕਤੀ ਜਮਾ ਨਹੀਂ ਹੁੰਦੀ ਹੈ। ਤਾਂ ਬਾਹਰ ਤੋਂ ਇਵੇਂ ਸਮਝਣਗੇ ਕਿ ਅਸੀਂ ਬਹੁਤ ਚੰਗੇ ਚਲਦੇ ਹਾਂ, ਸਾਨੂੰ ਚੱਲਣ ਦੀ ਚਤੁਰਾਈ ਆ ਗਈ ਹੈ, ਲੇਕਿਨ ਆਪਣਾ ਖਾਤਾ ਵੇਖੋਗੇ ਤਾਂ ਜਮਾ ਦਾ ਖਾਤਾ ਬਹੁਤ ਘਟ ਹੋਵੇਗਾ ਇਸਲਈ ਚਤੁਰਾਈ ਨਾਲ ਨਹੀਂ ਚੱਲੋ, ਇੱਕ ਦੂਜੇ ਨੂੰ ਵੇਖ ਕੇ ਵੀ ਕਾਪੀ ਕਰਦੇ ਹਨ, ਇਹ ਇਵੇਂ ਚਲਦੀ ਹੈ ਨਾ ਤਾਂ ਇਸ ਦਾ ਨਾਮ ਬਹੁਤ ਅੱਛਾ ਹੋ ਗਿਆ ਹੈ, ਇਹ ਬਹੁਤ ਅੱਗੇ ਹੋ ਗਈ ਹੈ ਅਤੇ ਅਸੀਂ ਸੱਚੇ ਚਲਦੇ ਹਾਂ ਨਾ ਤਾਂ ਅਸੀਂ ਪਿੱਛੇ ਦੇ ਪਿੱਛੇ ਹੀ ਰਹਿ ਗਏ। ਲੇਕਿਨ ਉਹ ਪਿੱਛੇ ਰਹਿਣਾ ਨਹੀਂ ਹੈ, ਉਹ ਅੱਗੇ ਵਧਣਾ ਹੈ। ਬਾਪ ਦੇ ਅੱਗੇ, ਅੱਗੇ ਵਧਦੇ ਹੋ ਅਤੇ ਦੂਜਿਆਂ ਦੇ ਅੱਗੇ ਭਾਵੇਂ ਪਿੱਛੇ ਵਿਖਾਈ ਵੀ ਦਵੋ ਲੇਕਿਨ ਕੰਮ ਕਿਸ ਨਾਲ ਹੈ। ਬਾਪ ਨਾਲ ਜਾਂ ਆਤਮਾਵਾਂ ਦੇ ਨਾਲ? ( ਬਾਪ ਨਾਲ ) ਤਾਂ ਬਾਪ ਦੇ ਦਿਲ ਵਿਚ ਅੱਗੇ ਵਧਣਾ ਮਤਲਬ ਸਾਰੇ ਕਲਪ ਦੇ ਪ੍ਰਾਲਬਧ ਵਿੱਚ ਅੱਗੇ ਵਧਣਾ। ਅਤੇ ਜੇਕਰ ਉੱਥੇ ਅੱਗੇ ਵਧਣ ਵਿੱਚ ਆਤਮਾਵਾਂ ਨੂੰ ਕਾਪੀ ਕਰਦੇ ਹੋ, ਤਾਂ ਉਸ ਸਮੇਂ ਦੇ ਲਈ ਤੁਹਾਡਾ ਨਾਮ ਹੁੰਦਾ ਹੈ, ਸ਼ਾਨ ਮਿਲਦਾ ਹੈ, ਭਾਸ਼ਣ ਕਰਨ ਵਾਲੀ ਲਿਸਟ ਵਿਚ ਆਉਂਦੇ ਹੋ, ਸੈਂਟਰ ਸੰਭਾਲਣ ਦੀ ਲਿਸਟ ਵਿਚ ਆਉਂਦੇ ਹੋ ਲੇਕਿਨ ਸਾਰੇ ਕਲਪ ਦੀ ਪ੍ਰਲਾਬਧ ਨਹੀਂ ਬਣਦੀ। ਜਿਸ ਨੂੰ ਬਾਪਦਾਦਾ ਕਹਿੰਦੇ ਹਨ ਮਿਹਨਤ ਕੀਤੀ ਬੀਜ ਪਾਇਆ, ਬ੍ਰਿਖ ਵੱਡਾ ਕੀਤਾ, ਫਲ ਵੀ ਨਿਕਲਿਆ ਲੇਕਿਨ ਕੱਚਾ ਫਲ ਖਾ ਗਏ, ਹਮੇਸ਼ਾ ਦੇ ਲਈ ਪ੍ਰਾਲਬਧ ਦਾ ਫਲ ਖਤਮ ਹੋ ਜਾਂਦਾ ਹੈ। ਤਾਂ ਅਲਪ ਕਾਲ ਦੇ ਸ਼ਾਨ, ਮਾਨ, ਨਾਮ ਦੇ ਲਈ ਕਾਪੀ ਨਹੀਂ ਕਰੋ। ਇੱਥੇ ਨਾਮ ਨਹੀਂ ਹੈ ਲੇਕਿਨ ਬਾਪ ਦੇ ਦਿਲ ਵਿਚ ਨੰਬਰ ਅੱਗੇ ਨਾਮ ਹੈ ਇਸਲਈ ਡਾਇਮੰਡ ਬਣਨਾ ਹੈ ਤਾਂ ਇਹ ਸਭ ਚੈਕਿੰਗ ਕਰੋ। ਜਰਾ ਵੀ ਰਾਇਲ ਰੂਪ ਦਾ ਦਾਗ ਡਾਇਮੰਡ ਵਿੱਚ ਛਿਪਿਆ ਹੋਇਆ ਤਾਂ ਨਹੀਂ ਹੈ? ਤਾਂ ਸਤ ਦੀ ਸ਼ਕਤੀ ਨਾਲ ਦਿਵਿਯਤਾ ਨੂੰ ਧਾਰਨ ਕਰੋ। ਕੁਝ ਵੀ ਸਹਿਣ ਕਰਨਾ ਪਵੇ, ਘਬਰਾਓ ਨਹੀਂ। ਸਤ ਸਮੇਂ ਪ੍ਰਮਾਣ ਖੁਦ ਸਿੱਧ ਹੋਵੇਗਾ। ਕਹਿੰਦੇ ਵੀ ਹੋ ਨਾ ਕਿ ਸਤ ਦੀ ਨਾਵ ਡੋਲਦੀ ਹੈ ਲੇਕਿਨ ਡੁੱਬਦੀ ਨਹੀਂ, ਤਾਂ ਕਿਨਾਰਾ ਤੇ ਲੈ ਲਵੋਗੇ ਨਾ। ਨਿਰਭਓ ਬਣੋ। ਜੇਕਰ ਕਿਧਰੇ ਵੀ ਸਾਮਨਾ ਕਰਨਾ ਪੈਂਦਾ ਹੈ ਤਾਂ ਬ੍ਰਹਮਾ ਬਾਪ ਦੇ ਜੀਵਨ ਨੂੰ ਅੱਗੇ ਰੱਖੋ। ਬ੍ਰਹਮਾ ਬਾਪ ਦੇ ਅੱਗੇ ਦੁਨੀਆ ਦੀਆਂ ਪ੍ਰਸਥਿਤੀਆਂ ਤੇ ਸਨ ਲੇਕਿਨ ਵਰੇਇਟੀ ਬੱਚਿਆਂ ਦੀਆਂ ਵੀ ਪ੍ਰਸਥਿਤੀਆਂ ਰਹੀਆਂ ਲੇਕਿਨ ਸੰਗਠਨ ਵਿਚ ਹੁੰਦੇ, ਜਿੰਮੇਵਾਰੀ ਹੁੰਦੇ ਸਤ ਦੀ ਸ਼ਕਤੀ ਨਾਲ ਵਿਜੇਈ ਹੋ ਗਏ। ਬੱਚਿਆਂ ਦੀ ਖਿਟਪਿਟ ਬ੍ਰਹਮਾ ਬਾਪ ਨੇ ਨਹੀਂ ਵੇਖੀ ਕੀ? ਬ੍ਰਹਮਾ ਬਾਪ ਦੇ ਅੱਗੇ ਵੀ ਵਰੇਇਟੀ ਸੰਸਕਾਰ ਵਾਲੀਆਂ ਆਤਮਾਵਾਂ ਰਹੀਆਂ, ਲੇਕਿਨ ਇੰਨੀਆਂ ਸਭ ਪ੍ਰਸਥਿਤੀਆਂ ਹੁੰਦੇ ਹੋਏ ਸਤ ਦੀ ਸਵ ਸਥਿਤੀ ਨੇ ਸੰਪੂਰਨ ਬਣਾ ਦਿੱਤਾ।

ਤਾਂ ਤੁਸੀਂ ਸਭ ਨੂੰ ਕੀ ਬਣਨਾ ਹੈ? ਚਤੁਰਾਈ ਤੇ ਨਹੀਂ ਹੈ ਨਾ! ਬਹੁਤ ਚੰਗਾ ਬੋਲਦੇ ਹਨ - ਮੈਂ ਕੁਝ ਨਹੀਂ ਕੀਤਾ ਥੋੜ੍ਹਾ ਚਤੁਰਾਈ ਨਾਲ ਤੇ ਚਲਣਾ ਹੀ ਪੈਂਦਾ ਹੈ। ਲੇਕਿਨ ਕਦੋਂ ਤੱਕ? ਤਾਂ ਸਹਿਣਸ਼ਕਤੀ ਧਾਰਨ ਕਰ ਅਸੱਤ ਦਾ ਸਾਮ੍ਹਣਾ ਕਰੋ। ਪ੍ਰਭਾਵ ਵਿੱਚ ਨਹੀਂ ਆ ਜਾਵੋ। ਕਈ

ਸਮਝਦੇ ਹਨ ਕਿ ਅਸੀਂ ਮਹਾਰਥੀਆਂ ਵਿੱਚ ਵੀ ਇਵੇਂ ਵੇਖਿਆ ਨਾ ਤਾਂ ਫਾਲੋ ਤੇ ਮਹਾਰਥੀਆਂ ਨੂੰ ਕਰਨਾ ਹੈ ਨਾ, ਹੁਣ ਬ੍ਰਹਮਾ ਬਾਬਾ ਤੇ ਸਾਮ੍ਹਣੇ ਹਨ ਨਹੀਂ, ਮਹਾਰਥੀ ਹਨ ਉਨ੍ਹਾਂ ਨੂੰ ਫਾਲੋ ਕੀਤਾ। ਲੇਕਿਨ ਜੇਕਰ ਮਹਾਰਥੀ ਵੀ ਮਿਕਸ ਕਰਦਾ ਹੈ, ਚਤੁਰਾਈ ਨਾਲ ਚਲਦਾ ਹੈ ਤਾਂ ਉਸ ਵੇਲੇ ਮਹਾਰਥੀ। ਮਹਾਰਥੀ ਨਹੀਂ ਹੈ। ਉਸ ਵੇਲੇ ਗ੍ਰਹਿਚਾਰੀ ਵਿੱਚ ਹੈ, ਨਾ ਕਿ ਮਹਾਰਥੀ ਹੈ, ਇਸਲਈ ਬਾਪ ਨੇ ਕੀ ਸਲੋਗਨ ਦਿੱਤਾ - ਫਾਲੋ ਫਾਦਰ ਜਾਂ ਸਿਸਟਰ ਬ੍ਰਦਰ? ਤਾਂ ਸਾਕਾਰ ਕਰਮ ਵਿੱਚ ਬ੍ਰਹਮਾ ਬਾਪ ਨੂੰ ਅੱਗੇ ਰੱਖੋ, ਫਾਲੋ ਕਰੋ ਅਤੇ ਅਸ਼ਰੀਰੀ ਬਣਨ ਵਿੱਚ ਨਿਰਾਕਾਰ ਬਾਪ ਨੂੰ ਫਾਲੋ ਕਰੋ। ਭਾਵੇਂ ਚੰਗੇ - ਚੰਗੇ ਬੱਚੇ ਵੀ ਹਨ ਲੇਕਿਨ ਉਹ ਵੀ ਫਾਲੋ ਫਾਦਰ ਕਰਦੇ ਹਨ। ਤਾਂ ਤੁਹਾਨੂੰ ਕੀ ਕਰਨਾ ਹੈ? ਫਾਲੋ ਫਾਦਰ। ਪੱਕਾ ਜਾਂ ਥੋੜ੍ਹਾ - ਥੋੜ੍ਹਾ ਐਡਵਾਂਟੇਜ ਮਿਲਦਾ ਹੈ ਤਾਂ ਲੈ ਲਵੋ ਭਵਿੱਖ ਵਿਚ ਵੇਖਿਆ ਜਾਵੇਗਾ? ਕੋਈ ਇਵੇਂ ਵੀ ਸੋਚਦੇ ਹਨ ਕਿ ਸਤਿਯੁਗ ਵਿੱਚ ਭਾਵੇਂ ਘੱਟ ਪਦਵੀ ਪਾਵਾਂਗੇ ਲੇਕਿਨ ਸੁਖੀ ਤਾਂ ਹੋਵਾਂਗਾ ਨਾ। ਦੁਖ ਤੇ ਹੋਵੇਗਾ ਹੀ ਨਹੀਂ। ਸਭ ਪ੍ਰਾਪਤੀਆਂ ਤਾਂ ਹੋਣਗੀਆਂ। ਭਾਵੇਂ ਪ੍ਰਜਾ ਦੀ ਵੀ ਪ੍ਰਜਾ ਹੋਵੇਗੀ ਤਾਂ ਵੀ ਅਪ੍ਰਾਪਤੀ ਤਾਂ ਹੋਵੇਗੀ ਨਹੀਂ, ਤਾਂ ਹੁਣ ਤੇ ਮਜਾ ਲੈ ਲਵੋ, ਪਿਛੋਂ ਵੇਖਿਆ ਜਾਵੇਗਾ। ਲੇਕਿਨ ਇਹ ਅਲਪਕਾਲ ਦਾ ਮਜ਼ਾ, ਸਜਾ ਦੇ ਭਾਗੀ ਬਣਾ ਦੇਵੇਗਾ। ਤਾਂ ਉਹ ਮਨਜ਼ੂਰ ਹੈ, ਸਜਾ ਖਾਵੋਗੇ ਥੋੜੀ! ਉਹ ਵੀ ਮਜ਼ਾ ਲੈ ਲਵੋ? ਨਹੀਂ!

ਤਾਂ ਤਿੰਨੋਂ ਗੱਲਾਂ ਯਾਦ ਰੱਖੋ - ਪਵਿੱਤ੍ਰਤਾ, ਸਤਿਯਤਾ ਅਤੇ ਦਿਵਿਯਤਾ। ਅਜਿਹੇ ਸਧਾਰਨ ਬੋਲ ਨਹੀਂ, ਸਧਾਰਨ ਸੰਕਲਪ ਨਹੀਂ, ਸਧਾਰਨ ਕਰਮ ਨਹੀਂ, ਦਿਵਿਯਤਾ। ਦਿਵਿਯਤਾ ਦਾ ਅਰਥ ਹੀ ਹੈ ਦਿਵਿਯ ਗੁਣ ਦਵਾਰਾ ਕਰਮ ਕਰਨਾ, ਸੰਕਲਪ ਕਰਨਾ, ਉਹ ਹੀ ਦਿਵਿਯਤਾ ਹੈ। ਜਿਹੜੇ ਲੋਕ ਪੁੱਛਦੇ ਹਨ ਕਿ ਪਾਪ ਕਰਮ ਕੀ ਹੁੰਦਾ ਹੈ? ਤਾਂ ਤੁਸੀਂ ਕਹਿੰਦੇ ਹੋ ਕਿਸੇ ਵੀ ਵਿਕਾਰ ਦੇ ਵਸ਼ ਕਰਮ ਕਰਨਾ ਇਹ ਪਾਪ ਹੈ। ਇਵੇਂ ਸਮਝਾਉਂਦੇ ਹੋ ਨਾ? ਤਾਂ ਦਿਵਿਯਤਾ ਮਤਲਬ ਦਿਵਿਯ ਗੁਣ ਦੇ ਆਧਾਰ ਤੇ ਮਨ- ਵਚਨ ਅਤੇ ਕਰਮ ਕਰਨਾ। ਤਾਂ ਸਤਿਯਤਾ ਦਾ ਮਹੱਤਵ ਜਾਣਿਆ। ( ਡ੍ਰਿਲ )

ਇੱਕ ਸੈਕਿੰਡ ਵਿੱਚ ਆਪਣੇ ਨੂੰ ਅਸ਼ਰੀਰੀ ਬਣਾ ਸਕਦੇ ਹੋ? ਕਿਓਂ? ਸੰਕਲਪ ਕੀਤਾ ਮੈਂ ਅਸ਼ਰੀਰੀ ਆਤਮਾ ਹਾਂ, ਤਾਂ ਕਿੰਨਾ ਟਾਇਮ ਲੱਗਿਆ? ਇੱਕ ਸੈਕਿੰਡ ਲੱਗਾ ਨਾ! ਤਾਂ ਸੈਕਿੰਡ ਵਿੱਚ ਅਸ਼ਰੀਰੀ, ਨਿਆਰੇ ਅਤੇ ਬਾਪ ਦੇ ਪਿਆਰੇ - ਇਹ ਡ੍ਰਿਲ ਸਾਰਾ ਦਿਨ ਵਿੱਚ - ਵਿੱਚ ਦੀ ਕਰਦੇ ਰਹੋ। ਕਰਨੀ ਤੇ ਆਉਂਦੀ ਹੈ ਨਾ? ਤਾਂ ਹੁਣ ਸਭ ਇੱਕ ਸੈਕਿੰਡ ਵਿੱਚ ਸਭ ਭੁੱਲ ਕੇ ਇੱਕਦਮ ਅਸ਼ਰੀਰੀ ਬਣ ਜਾਵੋ। ( ਬਾਪਦਾਦਾ ਨੇ ਪੰਜ ਮਿੰਟ ਡ੍ਰਿਲ ਕਰਵਾਈ ) ਅੱਛਾ।

ਚਾਰੋਂ ਪਾਸੇ ਦੇ ਸਰਵ ਪਵਿੱਤ੍ਰਤਾ ਦੇ ਫਾਉਂਡੇਸ਼ਨ ਨੂੰ ਸਦਾ ਮਜਬੂਤ ਰੱਖਣ ਵਾਲੇ, ਸਦਾ ਸਤਿਯਤਾ ਦੀ ਸ਼ਕਤੀ ਨਾਲ ਵਿਸ਼ਵ ਵਿੱਚ ਵੀ ਸਤ ਯੁੱਗ ਮਤਲਬ ਸਤਿਯਤਾ ਦੀ ਸ਼ਕਤੀ ਦੇ ਵਾਈਬ੍ਰੇਸ਼ਨ ਫੈਲਾਉਣ ਵਾਲੇ ਸਦਾ ਹਰ ਸਮੇਂ ਮਨ - ਵਾਣੀ - ਕਰਮ ਤਿੰਨਾਂ ਵਿੱਚ ਦਿਵਿਯਤਾ ਧਾਰਨ ਕਰਨ ਵਾਲੇ, ਸਦਾ ਫਾਲੋ ਫਾਦਰ ਕਰਨ ਦੇ ਨੈਚੁਰਲ ਅਭਿਆਸ ਵਾਲੀਆਂ ਆਤਮਾਵਾਂ ਨੂੰ ਬਾਪਦਾਦਾ ਦਾ ਯਾਦ ਪਿਆਰ ਅਤੇ ਨਮਸਤੇ।

ਇਸ ਡ੍ਰਿਲ ਨੂੰ ਦਿਨ ਵਿਚ ਜਿੰਨੀ ਵਾਰ ਜਿਆਦਾ ਕਰ ਸਕੋ ਉਨਾਂ ਕਰਦੇ ਰਹਿਣਾ। ਭਾਵੇਂ ਇੱਕ ਮਿੰਟ ਕਰੋ। ਤਿੰਨ ਮਿੰਟ, ਦੋ ਮਿੰਟ ਦਾ ਟਾਇਮ ਵੀ ਨਾ ਹੋਵੇ ਇੱਕ ਮਿੰਟ, ਅੱਧਾ ਮਿੰਟ ਇਹ ਅਭਿਆਸ ਕਰਨ ਨਾਲ ਲਾਸ੍ਹ ਸਮੇਂ ਅਸ਼ਰੀਰੀ ਬਣਨ ਵਿੱਚ ਬਹੁਤ ਮਦਦ ਮਿਲੇਗੀ। ਬਣ ਸਕਦੇ ਹੋ? ਹੁਣ ਸਭ ਅਸ਼ਰੀਰੀ ਹੋਏ ਜਾਂ ਯੁੱਧ ਵਿੱਚ, ਮਿਹਨਤ ਕਰਦੇ - ਕਰਦੇ ਟਾਇਮ ਪੂਰਾ ਹੋ ਗਿਆ? ਸੈਕਿੰਡ ਵਿੱਚ ਬਣ ਸਕਦੇ ਹੋ! ਬਹੁਤ ਘੱਟ ਜਾਂ ਫਿਰ ਵੀ ਬਣ ਸਕਦੇ ਹੋ? ਮੁਸ਼ਕਿਲ ਨਹੀਂ ਹੈ? ਯੂ. ਏਂਨ. ਵਿੱਚ ਬਹੁਤ ਭੱਜ ਦੌੜ ਕਰ ਰਹੀ ਹੋ ਅਤੇ ਅਸ਼ਰੀਰੀ ਬਣਨ ਦੀ ਕੋਸ਼ਿਸ਼ ਕਰੋ, ਹੋਵੇਗਾ? ਜੇਕਰ ਇਹ ਅਭਿਆਸ ਸਮੇਂ ਪ੍ਰਤੀ ਸਮੇਂ ਕਰਨਗੇ ਤਾਂ ਇਵੇਂ ਹੀ ਨੇਚਰੁਲ ਹੋ ਜਾਏਗਾ ਜਿਵੇਂ ਸ਼ਰੀਰ ਦੇ ਭਾਨ ਵਿੱਚ ਆਉਣਾ, ਮਿਹਨਤ ਕਰਦੇ ਹੋ ਕੀ? ਮੈਂ ਫਲਾਣਾ ਹਾਂ, ਇਹ ਮਿਹਨਤ ਕਰਦੇ ਹੋ? ਨੇਚਰੁਲ ਹੈ। ਤਾਂ ਇਹ ਵੀ ਨੇਚਰੁਲ ਹੋ ਜਾਏਗਾ। ਜੋ ਚਾਹੋ ਅਸ਼ਰੀਰੀ ਬਣੋ, ਜਦੋਂ ਚਾਹੋ ਸ਼ਰੀਰ ਵਿੱਚ ਆਓ। ਚੰਗਾ ਕੰਮ ਹੈ ਆਓ ਇਸ ਸ਼ਰੀਰ ਦਾ ਆਧਾਰ ਲਵੋ ਪਰ ਆਧਾਰ ਲੈਣ ਵਾਲੀ ਮੈਂ ਆਤਮਾ ਹਾਂ, ਉਹ ਨਹੀਂ ਭੁੱਲੋ। ਕਰਨ ਵਾਲੀ ਨਹੀਂ ਹਾਂ, ਕਰਾਉਣ ਵਾਲੀ ਹਾਂ। ਜਿਵੇਂ ਦੂਸਰਿਆਂ ਕੋਲੋਂ ਕੰਮ ਕਰਾਉਂਦੇ ਹੋ ਨਾ। ਉਸ ਵੇਲੇ ਆਪਣੇ ਨੂੰ ਵੱਖ ਸਮਝਦੇ ਹੋ ! ਉਵੇਂ ਹੀ ਸ਼ਰੀਰ ਤੋਂ ਕੰਮ ਕਰਵਾਉਂਦੇ ਹੋਏ ਵੀ ਕਰਾਉਣ ਵਾਲੀ ਮੈਂ ਵੱਖ ਹਾਂ, ਇਹ ਪ੍ਰੈਕਟਿਸ ਕਰੋ ਤਾਂ ਕਦੀ ਵੀ ਬਾਡੀ - ਕਾਂਨਸੇਸ ਦੀਆਂ ਗੱਲਾਂ ਵਿੱਚ ਥੱਲੇ ਉੱਪਰ ਨਹੀਂ ਹੋਵੋਂਗੇ। ਸਮਝਾ।

ਵਰਦਾਨ:- ਸਨੇਹ ਦੇ ਸਾਗਰ ਵਿੱਚ ਸਮਾਕੇ ਮੇਰੇਪਨ ਦੀ ਮੈਲ ਨੂੰ ਸਮਾਪਤ ਕਰਨ ਵਾਲੇ ਪਵਿੱਤਰ ਆਤਮਾ ਭਵ

ਜੋ ਸਦਾ ਸਨੇਹ ਦੇ ਸਾਗਰ ਵਿੱਚ ਸਮਾਏ ਰਹਿੰਦੇ ਹਨ ਉਹਨਾਂ ਨੂੰ ਦੁਨੀਆਂ ਦੀ ਕਿਸੇ ਵੀ ਗੱਲ ਦੀ ਸੁੱਧਬੁੱਧ ਨਹੀਂ ਰਹਿੰਦੀ। ਸੇਨਹ ਵਿੱਚ ਸਮਾਏ ਹੋਣ ਦੇ ਕਾਰਨ ਇਹ ਸਭ ਗੱਲਾਂ ਤੋਂ ਸਹਿਜ ਹੀ ਪਰੇ ਹੋ ਜਾਂਦੇ ਹਨ। ਭਗਤਾਂ ਦੇ ਲਈ ਕਹਿੰਦੇ ਹਨ ਇਹ ਤਾਂ ਖੋਏ ਹੋਏ ਰਹਿੰਦੇ ਹਨ ਪਰ ਬੱਚੇ ਸਦਾ ਪ੍ਰੇਮ ਵਿੱਚ ਡੁਬੇ ਹੋਏ ਰਹਿੰਦੇ ਹਨ। ਉਨ੍ਹਾਂ ਨੂੰ ਦੁਨੀਆਂ ਦੀ ਸਮ੍ਰਿਤੀ ਨਹੀਂ, ਮੇਰਾ - ਮੇਰਾ ਸਭ ਖ਼ਤਮ। ਅਨੇਕ ਮੇਰਾ ਮੈਲਾ ਬਣਾ ਦਿੰਦਾ ਹੈ, ਇੱਕ ਬਾਪ ਮੇਰਾ ਤਾਂ ਮੈਲਾਪਨ ਸਮਾਪਤ ਹੋ ਜਾਂਦਾ ਅਤੇ ਆਤਮਾ ਪਵਿੱਤਰ ਬਣ ਜਾਂਦੀ ਹੈ।

ਸਲੋਗਨ:- ਬੁੱਧੀ ਵਿੱਚ ਗਿਆਨ ਰਤਨਾਂ ਨੂੰ ਗ੍ਰਹਿਣ ਕਰਨਾ ਅਤੇ ਕਰਾਉਣਾ ਹੀ ਹੋਲੀਹੰਸ ਬਣਨਾ ਹੈ।

******